**Surrey School District**
Surrey Schools . . . Keeping Learners at the Centre

Tel: 604.596.7733
Fax: 604.596.7941
www.sd36.bc.ca

# Take Our Kids to Work!

## ਬੱਚਿਆਂ ਨੂੰ ਆਪਣੇ ਕੰਮ ਓਪਰ ਲਿਜਾਣਾ

**ਇਸ ਸਾਲ 7 ਨਵੰਬਰ ਨੂੰ 9ਵੀਂ ਕਲਾਸ ਦੇ ਬੱਚੇ ਆਪਣੇ ਮਾਪਿਆ, ਰਿਸ਼ਤੇਦਾਰਾਂ ਜਾਂ ਕਿਸੇ ਵੰਲਟੀਅਰ ਨਾਲ ਓਹਨਾਂ ਦੇ ਨਾਲ ਕੰਮ ਓਪਰ ਜਾਣਗੇ ।**

ਇਸ ਕਾਰਵਾਈ ਰਾਹੀਂ, ਜੋ ਕਿ ਲਰਨਿੰਗ ਪਾਰਟਨਰਸ਼ਿਪ ਦੀ ਸਸੰਥਾ ਵਲੋਂ ਸਗੰਠਨਤ ਕੀਤੀ ਜਾਂਦੀ ਹੈ, ਅਤੇ ਭਾਈਚਾਰੇ ਦੇ ਵੱਖ ਵੱਖ ਖੇਤਰਾਂ ਵਿੱਚੋਂ ਸੰਸਥਾਵਾਂ ਨਾਲ ਰਲ ਕਿ ਪਬਲਿਕ ਦੀ ਵਿਦਿਆ ਨੂੰ ਹੋਰ ਵੀ ਮਜ਼ਬੂਤ ਬਣਾਇਆ ਜਾਂਦਾ ਹੈ । ਇਸ ਤਜ਼ਵੀਜ਼ ਰਾਹੀਂ 9ਵੀਂ ਕਲਾਸ ਦੇ ਵਿਦਿਆਰਥੀ ਇੱਕ ਚਲ ਰਹੇ ਕੰਮ ਦੇ ਵਾਤਾਵਰਨ ਵਿੱਚ ਜਾ ਕੇ ਹਿੱਸਾ ਲੈ ਕਿ ਆਪਣੀ ਜਾਣਕਾਰੀ ਕੰਮਾਂ ਬਾਰੇ ਵਧਾ ਸਕਦੇ ਹਨ । ਇਸ ਤਜ਼ਵੀਜ਼ ਦੇ 3 ਮੁੱਖ ਮੰਤਵ ਹਨ:



- ਬੱਚਿਆਂ ਨੂੰ ਇੱਕ ਅਸਲੀ ਕਾਰੋਬਾਰ ਦੀ ਦੁਨੀਆਂ ਬਾਰੇ ਜਾਣਕਾਰੀ ਦੇਣੀ ਅਤੇ ਕੰਮਾਂ ਦੀਆਂ ਲੋੜਾਂ ਬਾਰੇ ਜਾਣਕਾਰੀ ਦੇਣੀ
- ਬੱਚਿਆਂ ਨੂੰ ਇਹ ਦਰਸਾਓਣਾਂ ਕਿ ਪਰੀਵਾਰ ਨੂੰ ਚਲਾਓਣ ਲਈ ਕਿਸ ਤਰਾਂ ਰੋਜ਼ ਮਿਹਨਤ ਕਰਨੀ ਪੈਂਦੀ ਹੈ
- ਇਹ ਵੀ ਸਿਖਾਣਾ ਕਿ ਪੜ੍ਹਾਈ ਸਕੂਲ ਦੀ ਚਾਰ ਦਿਵਾਰੀ ਤੋਂ ਦੂਰ ਤੱਕ ਚਲਦੀ ਹੈ ਅਤੇ ਇਹ ਸਿਖਾਓਣਾ ਕਿ ਕੰਮ ਦੇ ਨਾਲ ਅੱਛੇ ਨਾਗਰਿਕ ਬਣਨਾਂ ਵੀ ਜ਼ਰੂਰੀ ਹੈ ।

ਇਸ ਤਜ਼ਵੀਜ਼ ਨਾਲ ਸਾਰੇ ਰਲ ਮਿਲ ਕਿ ਇਸ ਦੇ ਮੰਤਵਾਂ ਦੀ ਪੂਰਤੀ ਲਈ ਆਪਣਾ ਯੋਗਦਾਨ ਪਾਓਂਦੇ ਹਨ ਅਤੇ ਸਾਡੇ ਭਾਈਚਾਰੇ ਨੂੰ ਹੋਰ ਵੀ ਮਜ਼ਬੂਤ ਬਣਾਓਂਦੇ ਹਨ । ਇਸ ਆਸ ਰੱਖੀ ਜਾਂਦੀ ਹੈ ਕਿ ਇਸ ਤਰਾਂ ਕਰਨ ਨਾਲ ਬੱਚੇ ਨਾਂ ਸਿਰਫ ਪੜ੍ਹਾਈ ਦੀ ਮਹਤੱਤਾ ਬਾਰੇ ਜਾਣੂ ਹੋਣਗੇ ਸਗੋਂ ਆਪਣੇ ਭਵਿੱਖ ਬਾਰੇ ਵੀ ਵਿਦਿਆਂ ਸਬੰਧੀ ਜਾਣਕਾਰੀ ਹਾਸਿਲ ਕਰਨਗੇ ।

ਇਸ ਤਜ਼ਵੀਜ਼ ਵਿੱਚ ਕੋਈ ਵੀ - ਮਾਪੇ, ਰਿਸ਼ਤੇਦਾਰ ਜਾਂ ਮਿੱਤਰ - ਭਾਗ ਲੈ ਸਕਦੇ ਹਨ । ਹਰ ਤਰਾਂ ਨਾਲ ਕੋਸ਼ਿਸ਼ ਕੀਤੀ ਜਾਏਗੀ ਕਿ ਹਰ ਕੋਈ ਵਿਦਿਆਰਥੀ ਇਸ ਵਿੱਚ ਭਾਗ ਲੈ ਸਕੇ ।

ਇਸ ਪ੍ਰੋਗਰਾਮ ਦੀ ਹੋਰ ਜਾਣਕਾਰੀ ਇਸ ਫੋਨ ਤੋਂ ਲਈ ਜਾ ਸਕਦੀ ਹੈ : 604-501-6835